EDUCATION IS A MOVEMENT FROM DARKNESS TO LIGHT
Private Unaided Schools' Association-CBSE/ICSE (Regd.)
(PUSA) Punjab
Regn. No. 217
(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

Ref No. PUSA/GEN/2021/20 Date: 21-07-2021

ਸੇਵਾ ਵਿਖੇ ,

ਮਾਨਯੋਗ ਕੈਪਟਨ ਅਮਰਿੰਦਰ ਸਿੰਘ ਜੀ ,
ਮੁੱਖ ਮੰਤਰੀ ਪੰਜਾਬ,
ਚੰਡੀਗੜ੍ਹ

**ਵਿਸ਼ਾ : ਪ੍ਰੀ-ਪ੍ਰਾਇਮਰੀ ਤੋਂ ਲੈ ਕੇ +2 ਤੱਕ ਦੇ ਸਕੂਲਾਂ ਨੂੰ ਖੋਲ੍ਹਣ ਸਬੰਧੀ |**

ਸ੍ਰੀ ਮਾਨ ਜੀਓ,

ਆਪ ਜੀ ਵੱਲੋਂ ਰਾਜ ਵਿਚ ਸਕੂਲੀ - ਸਿੱਖਿਆ ਪ੍ਰਤੀ ਕੀਤੇ ਜਾ ਰਹੇ ਵਧੀਆ ਉਦਮਾਂ ਦੀ ਸਾਡੀ ਜਥੇਬੰਦੀ ਸਲਾਘਾ ਕਰਦੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸਿੱਖਿਆ ਨੂੰ ਸਮਰਪਿਤ ਸਾਡੇ ਮੈਂਬਰ ਆਪ ਜੀ ਵੱਲੋਂ ਦਿੱਤੀਆਂ ਸੇਧਾਂ ਦੀ ਰੋਸ਼ਨੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਤੱਤਪਰ ਨੇ |

ਆਪ ਜੀ ਨੇ ਸਕੂਲਾਂ ਨੂੰ ਖੋਲ੍ਹਣ ਦਾ ਜੋ ਨਿਰਨਾ ਲਿਆ ਹੈ | ਉਸ ਲਈ ਸਾਡੀ ਜਥੇਬੰਦੀ ਆਪ ਜੀ ਦੀ ਤਹਿ ਦਿਲੋਂ ਧੰਨਵਾਦੀ ਹੈ | ਪ੍ਰੰਤੂ ਆਪ ਜੀ ਨੂੰ ਕੁੱਝ ਜ਼ਰੂਰੀ ਬੇਨਤੀਆਂ ਵੀ ਕਰਨਾ ਚਾਹੁੰਦੇ ਹਾਂ ਜੀ |

(1) ਸਕੂਲ ਖੋਲ੍ਹਣ ਦੀਆਂ ਸ਼ਰਤਾਂ ਵਿਚ ਲਿਖਿਆ ਹੈ ਕਿ ਅਧਿਆਪਕਾਂ ਦੇ ਦੋਨੇ ਵੈਕਸੀਨ ਲਗੀਆਂ ਹੋਣ , ਕਿਉਂਕੀ ਪਿਛਲੇ ਦਿਨਾਂ ਵਿਚ ਵੈਕਸੀਨ ਉਪਲਭਤਾ ਨਾਂ ਹੋਣ ਕਾਰਨ ਵੈਕਸੀਨ ਨਹੀਂ ਲੱਗ ਸਕੀ ਸੀ | ਇਸ ਆਦੇਸ਼ ਵਿੱਚ ਕੁੱਝ ਰਿਆਇਤ ਦੇ ਕੇ ਇਕ ਡੋਜ਼ ਵਿਚ ਤਬਦੀਲ ਕੀਤਾ ਜਾਵੇ ਜੀ ਤਾਂ ਕਿ ਸਕੂਲਾਂ ਵਿੱਚ ਬੱਚਿਆਂ ਦੀ ਪੜ੍ਹਾਈ ਨਿਰਵਿਘਨ ਚੱਲ ਸਕੇ |

(2) ਜਿਵੇ ਕੇ ਡਾਕਟਰੀ ਮਾਹਰਾਂ ਅਤੇ ICMR ਦੀ ਰਿਪੋਰਟ ਵੀ ਆ ਚੁੱਕੀ ਹੈ ਕਿ ਭਾਰਤ ਵਿੱਚ 67 % ਲੋਕਾਂ ਦੀ ਐਂਟੀਬਾਡੀ ਵਿਕਸਤ ਹੋ ਚੁੱਕੀ ਹੈ ਅਤੇ ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਛੋਟੇ ਬੱਚਿਆਂ ਦੀ ਇਮਊਨਟੀ ਜਿਆਦਾ ਹੁੰਦੀ ਹੈ ਇਸ ਕਰਕੇ ਛੋਟੇ ਬੱਚਿਆਂ ਨੂੰ ਵਾਇਰਸ ਦਾ ਖਤਰਾ ਗੰਭੀਰ ਨਹੀ ਹੈ | ਸਾਡੀ ਜਥੇਬੰਦੀ ਇਹ ਵੀ ਬੇਨਤੀ ਕਰਦੀ ਹੈ ਕਿ ਜਲਦੀ ਹੀ ਛੋਟੇ ਬੱਚਿਆਂ ਦੇ ਸਕੂਲਾਂ ਨੂੰ ਪਹਿਲ ਦੇ ਅਧਾਰ ਤੇ ਖੋਲ੍ਹਿਆ ਜਾਵੇ ਜੀ|

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

(3) ਆਪ ਜੀ ਦੁਆਰਾ ਲਿਆ ਫੈਸਲਾ ਸ਼ਲਾਘਾਯੋਗ ਹੈ ਜੀ ਸਾਡੀ ਆਪ ਜੀ ਪਾਸ ਬੇਨਤੀ ਹੈ ਕਿ ਜੋ 26-07-2021 ਤੋਂ ਜਿਹੜਾ 10ਵੀ ਤੋਂ ਉਪਰਲੀਆਂ ਕਲਾਸਾਂ ਵਾਸਤੇ ਸਕੂਲ ਖੋਲ੍ਹਣ ਦਾ ਫੈਸਲਾ ਹੈ ਉਸ ਉੱਪਰ ਨਜ਼ਰ ਸਾਨੀ ਕਰਕੇ ਉਸ ਨੂੰ 5ਵੀਂ ਤੋਂ ਉੱਪਰ ਤੱਕ ਲਾਗੂ ਕੀਤਾ ਜਾਵੇ ਜੀ ਅਤੇ 02-08-2021 ਤੋਂ ਬਾਕੀ ਸਾਰੇ ਸਕੂਲ ਖੋਲ੍ਹਣ ਦਾ ਪ੍ਰਬੰਧ ਕੀਤਾ ਜਾਵੇ ਜੀ |

(4) ਕਿਉਂਕੀ ਪਿਛਲੇ ਤਕਰੀਬਨ 18 ਮਹੀਨੇ ਤੋਂ ਬੱਚੇ ਸਕੂਲਾਂ ਨਾਲੋਂ ਕੱਟੇ ਰਹੇ ਹਨ ਉਹਨਾਂ ਨੂੰ ਮੁੜ ਪੜ੍ਹਾਈ ਨਾਲ ਜੋੜਣਾ ਹੈ ਜੋ ਸਮਾਂ ਮੰਗਦਾ ਹੈ| ਸੋ ਸਾਡੀ ਬੇਨਤੀ ਹੈ ਕਿ ਆਪ ਸਿੱਖਿਆ ਮਹਿਕਮੇ ਨੂੰ ਹਦਾਇਤਾਂ ਜਾਰੀ ਕਰ ਕਿ ਜੋ ਹੋਰ ਗਤੀਵਿਧੀਆਂ ਚੱਲ ਰਹੀਆਂ ਹਨ ਉਹਨਾਂ ਤੇ ਕੁਝ ਸਮੇ ਲਈ ਵਿਰਾਮ ਲਗਾਇਆ ਜਾਵੇ ਜੀ ਤਾਂ ਕਿ ਬੱਚੇ ਇੱਕ ਚਿੱਤ ਪੜ੍ਹਾਈ ਕਰ ਸਕਣ |

ਸਾਨੂੰ ਪੂਰਨ ਆਸ ਹੈ ਕੇ ਆਪ ਸਾਡੀਆਂ ਬੇਨਤੀਆਂ ਨੂੰ ਪ੍ਰਵਾਨ ਕਰੋਗੇ ਜੀ| ਅਸੀ ਆਪ ਜੀ ਨੂੰ ਵਿਸ਼ਵਾਸ ਦੁਆਉਂਦੇ ਹਾਂ ਕੇ ਸਾਡੀ ਜਥੇਬੰਦੀ ਆਪ ਜੀ ਦੇ ਫੈਸਲਿਆਂ ਤੇ ਪਹਿਲਾਂ ਵੀ ਫੁੱਲ ਚੜ੍ਹਾਉਂਦੀ ਰਹੀ ਹੈ ਅਤੇ ਭਵਿੱਖ ਵਿੱਚ ਵੀ ਆਪ ਦੇ ਹਰ ਫੈਸਲੇ ਦੇ ਨਾਲ ਰਹੇਗੀ | ਆਪ ਜੀ ਦੀ ਯੋਗ ਅਗਵਾਈ ਵਿੱਚ ਪੰਜਾਬ ਨੂੰ ਵਿੱਦਿਆ ਦੇ ਖੇਤਰ ਵਿੱਚ ਮੋਹਰੀ ਬਣਾਉਣ ਵਾਸਤੇ ਹਰ ਸੰਭਵ ਯਤਨ ਕਰਦੀ ਰਹੇਗੀ | ਸਾਨੂੰ ਪੂਰਨ ਆਸ ਹੈ ਕੇ ਆਪ ਸਾਡੀਆਂ ਬੇਨਤੀਆਂ ਨੂੰ ਪ੍ਰਵਾਨ ਕਰ ਕੇ ਪੰਜਾਬ ਦੇ ਬੱਚਿਆਂ ਦੇ ਭਵਿੱਖ ਨੂੰ ਰੋਸ਼ਨ ਕਰੋਗੇ ਜੀ , ਆਪ ਜੀ ਦੀ ਯੋਗ ਅਗਵਾਈ ਸਾਡੇ ਵਾਸਤੇ ਚਾਨਣ ਮੁਨਾਰਾ ਹੋ ਨਿਬੜੇਗੀ ਜੀ |

ਸਾਡੀ ਸਕੂਲ, ਵਿੱਦਿਆ ਅਤੇ ਵਿਦਿਆਰਥੀ ਹਿਤੈਸ਼ੀ ਐਸੋਸੀਏਸ਼ਨ ਆਪ ਜੀ ਦੀ ਅਤਿ ਆਭਾਰੀ ਰਹੇਗੀ |

ਆਪ ਜੀ ਦੇ ਸ਼ੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੂਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਨ - ਸੈਕਟਰੀ ਪੂਸਾ ਪੰਜਾਬ

**ਅਤੇ ਸੰਮੂਹ ਮੈਂਬਰ ਪ੍ਰਾਇਵੇਟ ਅਨਏਡਿਡ ਸਕੂਲਜ਼ ਐਸੋਸੀਏਸ਼ਨ (ਪੂਸਾ) ਪੰਜਾਬ (ਰਜਿ.)**